Alberta

ਨਿਊਜ਼ ਰਿਲੀਜ਼

# ਇਮੀਗ੍ਰੇਸ਼ਨ ਸਬੰਧੀ ਧੋਖਾਧੜੀ 'ਤੇ ਕਾਰਵਾਈ ਕਰਨੀ

27 ਮਾਰਚ, 2024 ਮੀਡੀਆ ਵੱਲੋਂ ਪੁੱਛ-ਗਿਛ

## ਅਲਬਰਟਾ ਦੀ ਸਰਕਾਰ ਵੱਧ ਰਹੀ ਇਮੀਗ੍ਰੇਸ਼ਨ ਸਬੰਧੀ ਧੋਖਾਧੜੀ ਨੂੰ ਹੱਲ ਕਰਨ ਲਈ ਅਲਬਰਟਾ ਐਡਵਾਂਟੇਜ ਇਮੀਗ੍ਰੇਸ਼ਨ ਪ੍ਰੋਗਰਾਮ ਲਈ ਧੋਖਾਧੜੀ ਤੋਂ ਸੁਰੱਖਿਆ ਨੂੰ ਮਜ਼ਬੂਤ ਕਰ ਰਹੀ ਹੈ ਅਤੇ ਵਧਾ ਰਹੀ ਹੈ।

ਕਾਨੂੰਨ ਲਾਗੂ ਕਰਨ ਵਾਲੇ, ਹਿੱਤਧਾਰਕ, ਫੈਡਰਲ ਇਮੀਗ੍ਰੇਸ਼ਨ ਅਥਾਰਟੀਆਂ ਅਤੇ ਸੂਬੇ ਅਤੇ ਪ੍ਰਦੇਸ਼ ਇਮੀਗ੍ਰੇਸ਼ਨ ਸਬੰਧੀ ਧੋਖਾਧੜੀ ਦੀ ਮਾਤਰਾ ਅਤੇ ਸੂਝ ਵਿੱਚ ਵਾਧੇ ਦੀ ਰਿਪੋਰਟ ਕਰ ਰਹੇ ਹਨ, ਜਿਸਦਾ ਅਲਬਰਟਾ ਨੂੰ ਆਪਣਾ ਘਰ ਬਣਾਉਣ ਦੀ ਉਮੀਦ ਰੱਖਣ ਵਾਲੇ ਲੋਕਾਂ 'ਤੇ ਨਕਾਰਾਤਮਕ ਅਸਰ ਪੈ ਸਕਦਾ ਹੈ।

ਅਲਬਰਟਾ ਐਡਵਾਂਟੇਜ ਇਮੀਗ੍ਰੇਸ਼ਨ ਪ੍ਰੋਗਰਾਮ ਵਿੱਚ ਮੌਜੂਦਾ ਧੋਖਾਧੜੀ ਵਿਰੋਧੀ ਤੰਤਰ ਮੌਜੂਦ ਹੈ ਅਤੇ ਸਰਕਾਰ ਨਵੇਂ ਆਉਣ ਵਾਲਿਆਂ ਦੀ ਰੱਖਿਆ ਕਰਨ ਲਈ ਵਾਧੂ ਉਪਾਅ ਕਰ ਰਹੀ ਹੈ। ਵਧਾਏ ਗਏ ਧੋਖਾਧੜੀ ਵਿਰੋਧੀ ਉਪਾਵਾਂ ਵਿੱਚ ਧੋਖਾਧੜੀ ਦਾ ਪਤਾ ਲਗਾਉਣਾ, ਵਿਸ਼ੇਸ਼ ਜਾਂਚ ਮੁਹਾਰਤ, ਅਤੇ ਪ੍ਰਵਾਸੀਆਂ ਲਈ ਸੁਰੱਖਿਆ ਵਧਾਉਣ ਅਤੇ ਆਰਥਿਕ ਇਮੀਗ੍ਰੇਸ਼ਨ ਦੇ ਸਕਾਰਾਤਮਕ ਨਤੀਜਿਆਂ ਦੀ ਬਿਹਤਰ ਤਰੀਕੇ ਨਾਲ ਰੱਖਿਆ ਕਰਨ ਲਈ ਨੌਕਰੀ ਦੀ ਪੇਸ਼ਕਸ਼ ਲਈ ਯੋਗਤਾ ਅਤੇ ਪ੍ਰਮਾਣਿਕਤਾ ਪੱਧਰਾਂ ਨੂੰ ਮਜ਼ਬੂਤ ਕਰਨਾ ਸ਼ਾਮਲ ਹੋਵੇਗਾ।

ਇਹਨਾਂ ਨਵੇਂ ਉਪਾਵਾਂ ਤੋਂ ਇਲਾਵਾ, ਅਲਬਰਟਾ ਦੀ ਸਰਕਾਰ ਇਮੀਗ੍ਰੇਸ਼ਨ ਧੋਖਾਧੜੀ ਨੂੰ ਹੱਲ ਕਰਨ ਲਈ ਮੰਤਰਾਲਿਆਂ, ਅਤੇ ਹੋਰ ਸੂਬਿਆਂ ਅਤੇ ਪ੍ਰਦੇਸ਼ਾਂ ਅਤੇ ਸੰਘੀ ਸਰਕਾਰ ਦੇ ਨਾਲ ਕੰਮ ਕਰਨਾ ਜਾਰੀ ਰੱਖੇਗੀ।

“ਸਾਡੇ ਸੂਬੇ ਦੀ ਖੁਸ਼ਹਾਲੀ ਲਈ ਆਰਥਿਕ ਇਮੀਗ੍ਰੇਸ਼ਨ ਮਹੱਤਵਪੂਰਨ ਹੈ। ਧੋਖਾਧੜੀ ਦੀ ਵੱਧ ਰਹੀ ਸੂਝ ਅਤੇ ਮਾਤਰਾ ਨੂੰ ਹੱਲ ਕਰਨ ਲਈ ਤੇਜ਼ੀ ਨਾਲ ਜਵਾਬ ਦੇ ਕੇ, ਅਸੀਂ ਆਪਣੇ ਭਾਈਚਾਰਿਆਂ, ਉਦਯੋਗਾਂ ਅਤੇ ਰੁਜ਼ਗਾਰਦਾਤਾਵਾਂ ਦੇ ਹਿੱਤਾਂ ਦੀ ਰੱਖਿਆ ਕਰਨਾ ਅਤੇ ਅਲਬਰਟਾ ਦੀ ਆਰਥਿਕਤਾ ਦੇ ਵਿਕਾਸ ਨੂੰ ਸਮਰਥਨ ਦੇਣਾ ਜਾਰੀ ਰੱਖਾਂਗੇ। ਇਸ ਨਾਲ ਸਾਨੂੰ ਇਹ ਯਕੀਨੀ ਬਣਾਉਣ ਵਿੱਚ ਵੀ ਮਦਦ ਮਿਲਦੀ ਹੈ ਕਿ ਅਸੀਂ ਉਹਨਾਂ ਨਵੇਂ ਆਏ ਲੋਕਾਂ ਦੀਆਂ ਲੋੜਾਂ ਨੂੰ ਪੂਰਾ ਕਰ ਰਹੇ ਹਾਂ ਜਿਨ੍ਹਾਂ ਦਾ ਅਸੀਂ ਅਲਬਰਟਾ ਵਿੱਚ ਸੁਆਗਤ ਕਰ ਰਹੇ ਹਾਂ।”

*ਮੁਹੰਮਦ ਯਾਸੀਨ (Muhammad Yaseen), ਇਮੀਗ੍ਰੇਸ਼ਨ ਅਤੇ ਬਹੁ-ਸੱਭਿਆਚਾਰ ਮੰਤਰੀ*

"ਅਲਬਰਟਾ ਐਡਵਾਂਟੇਜ ਇਮੀਗ੍ਰੇਸ਼ਨ ਪ੍ਰੋਗਰਾਮ ਸਾਡੇ ਪੇਂਡੂ ਭਾਈਚਾਰਿਆਂ ਵਿੱਚ ਸਾਡੀ ਕੁਝ ਲੇਬਰ ਦੀ ਘਾਟ ਨੂੰ ਹੱਲ ਕਰਨ ਲਈ ਇੱਕ ਸਾਧਨ ਵਜੋਂ ਸ਼ਾਨਦਾਰ ਸੰਭਾਵਨਾ ਦਿਖਾ ਰਿਹਾ ਹੈ। ਇਸਨੇ ਸਾਡੇ ਲੋਕਾਂ ਨੂੰ ਛੋਟੇ ਕਸਬਿਆਂ ਵਿੱਚ ਦਰਜਨਾਂ ਯੋਗ

ਕਾਮਿਆਂ ਨੂੰ ਆਕਰਸ਼ਿਤ ਕਰਨ ਦੇ ਯੋਗ ਬਣਾਇਆ ਹੈ, ਜੋ ਆਪਣੇ ਪਰਿਵਾਰਾਂ ਨੂੰ ਆਪਣੇ ਨਾਲ ਲੈ ਕੇ ਆਉਂਦੇ ਹਨ। ਇਹਨਾਂ ਪ੍ਰੋਗਰਾਮਾਂ ਦੀਆਂ ਮੂਹਰਲੀਆਂ ਲਾਈਨਾਂ 'ਤੇ ਕੰਮ ਕਰਨ ਵਾਲਾ ਮਿਊਂਸਿਪਲ ਸਟਾਫ਼ ਹਜ਼ਾਰਾਂ ਪੁੱਛ-ਗਿੱਛਾਂ ਦੇ ਬੋਝ ਹੇਠਾਂ ਦਬਿਆ ਹੋਇਆ ਹੈ ਅਤੇ ਬਦਕਿਸਮਤੀ ਨਾਲ ਉਹਨਾਂ ਦੇ ਨਾਲ ਆਉਣ ਵਾਲੀਆਂ ਧੋਖਾਧੜੀ ਦੀਆਂ ਨਾ ਟਾਲੀਆਂ ਜਾ ਸਕਣ ਵਾਲੀਆਂ ਕੋਸ਼ਿਸ਼ਾਂ ਦੇ ਸੰਪਰਕ ਵਿੱਚ ਆਉਣ ਦੇ ਜੋਖਮ ਵਿੱਚ ਹਨ। ਅਸੀਂ ਇਨ੍ਹਾਂ ਮੁੱਦਿਆਂ ਨੂੰ ਹੱਲ ਕਰਨ ਲਈ ਸਰਗਰਮ ਕਦਮ ਚੁੱਕਣ ਵਾਸਤੇ ਮੰਤਰੀ ਦੀ ਸ਼ਲਾਘਾ ਕਰਦੇ ਹਾਂ ਤਾਂ ਜੋ ਸਾਡੇ ਲੋਕ ਨਵੇਂ ਲੋਕਾਂ ਨੂੰ ਸਥਾਨਕ ਨੌਕਰੀਆਂ ਨਾਲ ਜੋੜਨ 'ਤੇ ਧਿਆਨ ਦੇ ਸਕਣ।"

*ਜਿਮ ਵਿਲੇਟ(Jim Willett), ਮੁਖੀ, ਸਾਊਥਗ੍ਰੋ ਰੀਜਨਲ ਇਨੀਸ਼ੀਏਟਿਵ*

## ਅਲਬਰਟਾ ਐਡਵਾਂਟੇਜ ਇਮੀਗ੍ਰੇਸ਼ਨ ਪ੍ਰੋਗਰਾਮ

ਅਲਬਰਟਾ ਐਡਵਾਂਟੇਜ ਇਮੀਗ੍ਰੇਸ਼ਨ ਪ੍ਰੋਗਰਾਮ ਇੱਕ ਆਰਥਿਕ ਇਮੀਗ੍ਰੇਸ਼ਨ ਪ੍ਰੋਗਰਾਮ ਹੈ ਜੋ ਲੇਬਰ ਦੇ ਪਾੜੇ ਨੂੰ ਭਰਨ ਲਈ ਪ੍ਰਤਿਭਾਸ਼ਾਲੀ, ਡਿਮਾਂਡ ਵਾਲੇ ਕਾਮਿਆਂ, ਅਤੇ ਨਾਲ ਹੀ ਅਜਿਹੇ ਉੱਦਮੀਆਂ ਜੋ ਕਾਰੋਬਾਰ ਸ਼ੁਰੂ ਕਰਨਾ ਜਾਂ ਵਧਾਉਣਾ ਚਾਹੁੰਦੇ ਹਨ ਅਤੇ ਨੌਕਰੀਆਂ ਪੈਦਾ ਕਰਨਾ ਚਾਹੁੰਦੇ ਹਨ, ਨੂੰ ਆਕਰਸ਼ਿਤ ਕਰਕੇ ਆਰਥਿਕਤਾ ਨੂੰ ਮਜ਼ਬੂਤ ਕਰਦਾ ਅਤੇ ਵਧਾਉਂਦਾ ਹੈ। ਸੰਘੀ ਸਰਕਾਰ ਦੇ ਨਾਲ ਤਾਲਮੇਲ ਵਿੱਚ ਚਲਾਇਆ ਜਾਂਦਾ, ਪ੍ਰੋਗਰਾਮ ਮੰਗ-ਵਿਚਲੇ ਵਿਅਕਤੀਆਂ ਨੂੰ ਨਾਮਜ਼ਦ ਕਰਕੇ ਅਲਬਰਟਾ ਦੀ ਸਰਕਾਰ ਨੂੰ ਸੂਬਾਈ ਕਿਰਤ ਬਜ਼ਾਰ ਦੀਆਂ ਚੁਣੌਤੀਆਂ ਅਤੇ ਪਾੜਿਆ ਨੂੰ ਦੂਰ ਕਰਨ ਦੇ ਯੋਗ ਬਣਾਉਂਦਾ ਹੈ।

2023 ਵਿੱਚ, ਸੂਬਿਆਂ ਵਿੱਚੋਂ ਅਲਬਰਟਾ ਵਿੱਚ ਰੁਜ਼ਗਾਰ ਦੀ ਦਰ ਸਭ ਤੋਂ ਵੱਧ ਸੀ, ਅਤੇ ਅਲਬਰਟਾ ਵਿੱਚ ਕੁੱਲ ਰੁਜ਼ਗਾਰ ਦਾ 80 ਪ੍ਰਤਿਸ਼ਤ ਤੋਂ ਵੱਧ ਫੁੱਲ-ਟਾਈਮ ਰੁਜ਼ਗਾਰ ਸੀ। ਕਈ ਉਦਯੋਗਾਂ ਵਿੱਚ ਹਾਲੇ ਵੀ ਲੇਬਰ ਦੀ ਘਾਟ ਬਰਕਰਾਰ ਹੈ ਅਤੇ ਅਲਬਰਟਾ ਐਡਵਾਂਟੇਜ ਇਮੀਗ੍ਰੇਸ਼ਨ ਪ੍ਰੋਗਰਾਮ ਰੁਜ਼ਗਾਰਦਾਤਾਵਾਂ ਲਈ ਲੋੜੀਂਦੇ ਕਾਮੇ ਲੱਭਣ ਵਿੱਚ ਉਹਨਾਂ ਦੀ ਮਦਦ ਕਰਦਾ ਹੈ।

## ਫੌਰੀ ਤੱਥ

- ਇਮੀਗ੍ਰੇਸ਼ਨ ਸੰਬੰਧੀ ਧੋਖਾਧੜੀ ਵਿੱਚ ਸ਼ਾਮਲ ਹਨ:
    - **ਨੌਕਰੀ ਦੀ ਪੇਸ਼ਕਸ਼ ਲਈ ਫ਼ੀਸਾਂ ਲੈਣੀਆਂ।** ਜੇਕਰ ਕੋਈ ਰੁਜ਼ਗਾਰਦਾਤਾ ਜਾਂ ਰੁਜ਼ਗਾਰ ਏਜੰਸੀ ਕਿਸੇ ਵੀ ਕਿਸਮ ਦੀ ਫ਼ੀਸ ਲੈ ਰਹੀ ਹੈ, ਤਾਂ ਅਲਬਰਟਾ ਦੀ ਸਰਕਾਰ ਮਦਦ ਕਰ ਸਕਦੀ ਹੈ। ਸਾਡੀ 310-0000 ਜਾਣਕਾਰੀ ਲਾਈਨ 'ਤੇ ਕਾਲ ਕਰੋ ਅਤੇ Employment Standards (ਰੁਜ਼ਗਾਰ ਦੇ ਮਿਆਰ) ਜਾਂ Temporary Foreign Worker Advisory Office (ਅਸਥਾਈ ਵਿਦੇਸ਼ੀ ਕਰਮਚਾਰੀ ਲਈ ਸਲਾਹ ਦਫ਼ਤਰ) ਨਾਲ ਗੱਲ ਕਰਵਾਉਣ ਲਈ ਕਹੋ।
    - AAIP ਐਪਲੀਕੇਸ਼ਨ 'ਤੇ **ਝੂਠੀ ਜਾਂ ਗੁੰਮਰਾਹਕੁੰਨ ਜਾਣਕਾਰੀ** ਨੂੰ ਗਲਤ ਬਿਆਨੀ ਦਾ ਕੰਮ ਮੰਨਿਆ ਜਾਂਦਾ ਹੈ। ਗਲਤ, ਗੁੰਮਰਾਹਕੁੰਨ, ਜਾਂ ਧੋਖਾਧੜੀ ਵਾਲੀ ਜਾਣਕਾਰੀ ਦੇ ਨਤੀਜੇ ਵਜੋਂ ਨਾਮਜ਼ਦ ਵਿਅਕਤੀ ਦੀ ਅਰਜ਼ੀ ਨੂੰ ਅਸਵੀਕਾਰ ਕੀਤਾ ਜਾ ਸਕਦਾ ਹੈ ਅਤੇ ਬਿਨੈਕਾਰ 'ਤੇ ਪੰਜ ਸਾਲਾਂ ਤੱਕ ਲਈ ਪ੍ਰੋਗਰਾਮ ਵਾਸਤੇ (ਦੁਬਾਰਾ) ਅਰਜ਼ੀ ਦੇਣ 'ਤੇ ਪਾਬੰਦੀ ਲਗਾਈ ਜਾ ਸਕਦੀ ਹੈ।

    - **ਤੀਜੀ ਧਿਰ ਦਾ ਦੁਰਵਿਹਾਰ।** ਜਦੋਂ ਕਿਸੇ ਬਿਨੈਕਾਰ ਦੀ ਤਰਫ਼ੋਂ ਕੰਮ ਕਰਦੇ ਸਮੇਂ, ਤੀਜੀ-ਧਿਰ ਦਾ ਭਰਤੀ ਕਰਨ ਵਾਲਾ ਜਾਂ ਇਮੀਗ੍ਰੇਸ਼ਨ ਪ੍ਰਤਿਨਿਧੀ ਗੈਰ-ਕਾਨੂੰਨੀ, ਅਣਅਧਿਕਾਰਤ, ਗੁੰਮਰਾਹਕੁੰਨ ਅਤੇ/ਜਾਂ ਹੋਰ ਗੈਰ-ਪੇਸ਼ੇਵਰ ਵਿਹਾਰਾਂ ਵਿੱਚ ਸ਼ਾਮਲ ਹੁੰਦਾ ਹੈ।
- AAIP ਦੇ ਮੌਜੂਦਾ ਧੋਖਾਧੜੀ ਵਿਰੋਧੀ ਅਤੇ ਪ੍ਰੋਗਰਾਮ ਦੀ ਅਖੰਡਤਾ ਦੇ ਸੁਰੱਖਿਆ ਸਾਧਨਾਂ ਵਿੱਚ ਸ਼ਾਮਲ ਹਨ:
    - ਰੁਜ਼ਗਾਰਦਾਤਾ ਦੀ ਸਾਈਟ 'ਤੇ ਵਿਜ਼ਿਟ ਅਤੇ ਇੱਕ ਤੋਂ ਵੱਧ ਸਰੋਤਾਂ ਰਾਹੀਂ ਨੌਕਰੀ ਦੀਆਂ ਪੇਸ਼ਕਸ਼ਾਂ, ਹਵਾਲਾ ਪੱਤਰਾਂ, ਸਿੱਖਿਆ ਅਤੇ ਭਾਸ਼ਾ ਟੈਸਟ ਦਸਤਾਵੇਜ਼ਾਂ ਦੀ ਪੁਸ਼ਟੀ ਕਰਨਾ।
    - ਕਿਸੇ ਅਰਜ਼ੀ ਜਾਂ ਇੱਕ ਤੋਂ ਵੱਧ ਅਰਜ਼ੀਆਂ ਨਾਲ ਜੁੜੇ ਕਾਰੋਬਾਰਾਂ ਜਾਂ ਇਮੀਗ੍ਰੇਸ਼ਨ ਪ੍ਰਤਿਨਿਧੀਆਂ ਦੀ ਵੈਧਤਾ ਨਿਰਧਾਰਤ ਕਰਨ ਲਈ ਡੇਟਾ ਵਿਸ਼ਲੇਸ਼ਣ ਅਤੇ ਹੋਰ ਸੰਸਥਾਵਾਂ ਨਾਲ ਕੰਮ ਕਰਨਾ।
    - ਯੋਗਤਾ 'ਤੇ ਨਕਾਰਾਤਮਕ ਫੈਸਲਿਆਂ ਨੂੰ ਚੁਣੌਤੀ ਦੇਣ ਵਾਲੀਆਂ ਪੁਨਰ-ਵਿਚਾਰ ਲਈ ਬੇਨਤੀਆਂ ਦੀ ਨਿਰਪੱਖ ਸਮੀਖਿਆ।
    - ਪ੍ਰਭਾਵਸ਼ਾਲੀ ਜੋਖਮ ਪ੍ਰਬੰਧਨ, ਗੁਣਵੱਤਾ ਭਰੋਸਾ, ਅਤੇ ਧੋਖਾਧੜੀ ਦੀ ਰੋਕਥਾਮ ਅਤੇ ਪਤਾ ਲਗਾਉਣ ਦੇ ਅਭਿਆਸਾਂ ਦਾ ਏਕੀਕਰਣ।

## ਸੰਬੰਧਿਤ ਜਾਣਕਾਰੀ

- ਅਲਬਰਟਾ ਐਡਵਾਂਟੇਜ ਇਮੀਗ੍ਰੇਸ਼ਨ ਪ੍ਰੋਗਰਾਮ (AAIP)
- AAIP ਐਪਲੀਕੇਸ਼ਨ ਸਟ੍ਰੀਮਾਂ

## ਮੀਡੀਆ ਵੱਲੋਂ ਪੁੱਛ-ਗਿਛ

### ਮਾਈਕਲ ਕਵਾਸ (Michael Kwas)

780-264-5368
ਪ੍ਰੈਸ ਸੈਕ੍ਰੇਟਰੀ, ਇਮੀਗ੍ਰੇਸ਼ਨ ਅਤੇ ਬਹੁ-ਸੱਭਿਆਚਾਰਵਾਦ